ਇਸ ਸਫੇ ਉੱਤੇ


- ਸੰਭਾਵਿਤ ਵਿਆਹ ਵੀਜ਼ਾ
    - ਵੀਜ਼ਿਆਂ ਵਿੱਚ ਵਾਧੇ
    - ਸਾਬਕਾ ਸੰਭਾਵਿਤ ਵਿਆਹ ਵੀਜ਼ਾ ਧਾਰਕ
- ਆਰਜ਼ੀ ਕਾਮੇ
- ਛੁੱਟੀਆਂ ਦੌਰਾਨ ਕੰਮ ਕਰਨ ਵਾਲੇ
- ਸੈਲਾਨੀ (ਵਿਜ਼ਟਰਜ਼)
- VAC ਫੀਸ ਵਾਪਸੀ, ਛੋਟ ਅਤੇ ਵੀਜ਼ਾ ਵਧਾਉਣ ਦੇ ਉਪਾਵਾਂ ਦਾ ਸਾਰ


ਆਸਟ੍ਰੇਲੀਆ ਦੀਆਂ COVID-19 ਯਾਤਰਾ ਪਾਬੰਦੀਆਂ ਤੋਂ ਪ੍ਰਭਾਵਿਤ ਕੁਝ ਵੀਜ਼ਾ ਧਾਰਕ ਛੇਤੀ ਹੀ ਆਪਣੇ ਵੀਜ਼ੇ ਦੀ ਅਰਜ਼ੀ ਦੇ ਖ਼ਰਚੇ (VAC) ਦੀ ਫੀਸ ਵਾਪਸੀ ਜਾਂ ਛੋਟ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ।

# ਸੰਭਾਵਿਤ ਵਿਆਹ ਵੀਜ਼ਾ

ਇਹਨਾਂ ਤਬਦੀਲੀਆਂ ਦਾ ਐਲਾਨ 6 ਅਕਤੂਬਰ 2020 ਨੂੰ ਕੇਂਦਰੀ ਸਰਕਾਰ ਬਜਟ 2020-21 ਦੇ ਹਿੱਸੇ ਵਜੋਂ ਕੀਤਾ ਗਿਆ ਸੀ, ਅਤੇ ਇਹਨਾਂ ਨੂੰ ਸਬ-ਕਲਾਸ 300 ਸੰਭਾਵਿਤ ਵਿਆਹ ਵੀਜ਼ਾ ਦੇ ਧਾਰਕਾਂ ਅਤੇ ਸਾਬਕਾ ਧਾਰਕਾਂ ਦੀ ਸਹਾਇਤਾ ਕਰਨ ਲਈ ਵਿਉਂਤਿਆ ਗਿਆ ਹੈ, ਜੋ COVID-19 ਯਾਤਰਾ ਦੀਆਂ ਪਾਬੰਦੀਆਂ ਕਰਕੇ ਆਸਟ੍ਰੇਲੀਆ ਵਿੱਚ ਦਾਖਲ ਨਹੀਂ ਹੋ ਸਕੇ ਹਨ।

## ਵੀਜ਼ਿਆਂ ਵਿੱਚ ਵਾਧੇ

10 ਦਸੰਬਰ 2020 ਨੂੰ, ਕੁਝ ਸੰਭਾਵਿਤ ਵਿਆਹ ਵੀਜ਼ਾ ਧਾਰਕਾਂ ਲਈ ਵੀਜ਼ੇ ਦੀ ਵੈਧਤਾ ਮਿਆਦ ਨੂੰ ਵਧਾ ਕੇ 31 ਮਾਰਚ 2022 ਤੱਕ ਕਰਨ ਦੇ ਨਿਯਮ ਬਣਾਏ ਗਏ ਸਨ, ਜੋ ਆਸਟ੍ਰੇਲੀਆ ਤੋਂ ਬਾਹਰ ਹਨ, ਅਤੇ ਜਿੰਨ੍ਹਾਂ ਕੋਲ 6 ਅਕਤੂਬਰ 2020 ਅਤੇ 10 ਦਸੰਬਰ 2020 ਦੇ ਵਿਚਕਾਰ ਕਿਸੇ ਵੀ ਸਮੇਂ ਸੰਭਾਵਿਤ ਵਿਆਹ ਵਾਲਾ ਵੀਜ਼ਾ ਸੀ।

ਵਿਭਾਗ ਵੱਲੋਂ ਵਿਅਕਤੀਗਤ ਵੀਜ਼ਾ ਧਾਰਕਾਂ ਨੂੰ ਸਿੱਧੇ ਤੌਰ ਉੱਤੇ ਸੂਚਿਤ ਕੀਤਾ ਜਾਵੇਗਾ।

ਤੁਸੀਂ ਆਪਣੇ ਵਰਤਮਾਨ ਵੀਜ਼ਾ ਵੇਰਵਿਆਂ ਅਤੇ ਸ਼ਰਤਾਂ ਨੂੰ ਕਿਸੇ ਵੀ ਸਮੇਂ ਵਿਭਾਗ ਦੀ ਵੈੱਬਸਾਈਟ ਉੱਤੇ ਇੱਥੇ ਦੇਖ ਸਕਦੇ ਹੋ:

https://immi.homeaffairs.gov.au/visas/already-have-a-visa/check-visa-details-and-conditions/check-conditions-online

ਜੇ ਤੁਹਾਨੂੰ ਆਪਣੀ ਵੀਜ਼ੇ ਦੀ ਵੈਧਤਾ ਮਿਆਦ ਵਿੱਚ ਵਾਧਾ ਪ੍ਰਾਪਤ ਹੋਇਆ, ਪਰ ਤੁਸੀਂ ਇਸ ਵੀਜ਼ੇ ਦੇ ਧਾਰਕ ਵਜੋਂ ਆਸਟ੍ਰੇਲੀਆ ਨਹੀਂ ਗਏ ਹੋ, ਤਾਂ ਤੁਸੀਂ ਭੁਗਤਾਨ ਕੀਤੇ ਵੀਜ਼ਾ ਅਰਜ਼ੀ ਦੇ ਖ਼ਰਚੇ (VAC) ਨੂੰ ਵਾਪਸ ਲੈਣ ਦੀ ਬੇਨਤੀ ਕਰਨ ਦੇ ਯੋਗ ਹੋ ਸਕਦੇ ਹੋ।

ਵਰਤਮਾਨ ਸਮੇਂ ਅਸੀਂ ਇਸ ਬਾਰੇ ਵਿਵਸਥਾਵਾਂ ਨੂੰ ਅੰਤਿਮ ਰੂਪ ਦੇਣ ਉੱਤੇ ਕੰਮ ਕਰ ਰਹੇ ਹਾਂ ਕਿ VAC ਫੀਸ ਦੀ ਵਾਪਸੀ ਦਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ, ਅਤੇ ਫਰਵਰੀ 2021 ਦੇ ਅਖੀਰ ਤੱਕ ਫੀਸ ਦੀ ਵਾਪਸੀ ਉਪਲਬਧ ਹੋਣ ਦੀ ਉਮੀਦ ਹੈ।

## ਸਾਬਕਾ ਸੰਭਾਵਿਤ ਵਿਆਹ ਵੀਜ਼ਾ ਧਾਰਕ

ਜੇ ਤੁਹਾਡਾ ਸੰਭਾਵਿਤ ਵਿਆਹ ਦਾ ਵੀਜ਼ਾ ਖਤਮ ਹੋ ਗਿਆ ਹੈ, ਅਤੇ ਤੁਸੀਂ COVID-19 ਯਾਤਰਾ ਪਾਬੰਦੀਆਂ ਦੇ ਕਾਰਨ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਯੋਗ ਨਹੀਂ ਸੀ, ਅਤੇ 10 ਦਸੰਬਰ 2020 ਨੂੰ ਬਣਾਏ ਗਏ ਨਿਯਮਾਂ ਦੁਆਰਾ ਵੀਜ਼ਾ ਵਧਾਇਆ ਨਹੀਂ ਗਿਆ, ਤਾਂ ਹੋ ਸਕਦਾ ਹੈ ਤੁਸੀਂ ਆਪਣੇ VAC ਦੀ ਵਾਪਸੀ ਵਾਸਤੇ ਯੋਗ ਹੋਵੋ। ਇਸ ਦਾ ਮਕਸਦ ਇਹ ਹੈ ਕਿ ਫੀਸ ਦੀ ਵਾਪਸੀ ਫਰਵਰੀ 2021 ਦੇ ਅਖੀਰ ਤੋਂ ਉਪਲਬਧ ਹੋਵੇਗੀ।

ਵਰਤਮਾਨ ਸਮੇਂ ਅਸੀਂ ਇਸ ਬਾਰੇ ਵਿਵਸਥਾਵਾਂ ਨੂੰ ਅੰਤਿਮ ਰੂਪ ਦੇਣ ਉੱਤੇ ਕੰਮ ਕਰ ਰਹੇ ਹਾਂ ਕਿ VAC ਫੀਸ ਦੀ ਵਾਪਸੀ ਦਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ।

ਤੁਹਾਡੇ ਵੱਲੋਂ ਜਮ੍ਹਾਂ ਕੀਤੀਆਂ ਜਾ ਸਕਦੀਆਂ ਕਿਸੇ ਵੀ ਸੰਭਾਵਿਤ ਵਿਆਹ ਜਾਂ ਭਾਈਵਾਲ ਵਾਲੀਆਂ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਤਰਜੀਹ ਦਿੱਤੀ ਜਾਵੇਗੀ। ਅਰਜ਼ੀਆਂ ਉੱਤੇ ਕਾਰਵਾਈ ਕਰਨ ਦੇ ਸਮੇਂ ਇਸ ਗੱਲ ਉੱਤੇ ਨਿਰਭਰ ਕਰਨਗੇ ਕਿ ਕੀ ਅਰਜ਼ੀ ਪੂਰੀ ਹੈ ਅਤੇ ਵੀਜ਼ੇ ਲਈ ਸਾਰੀਆਂ ਲੋੜਾਂ ਦੀ ਪੂਰਤੀ ਕਰਦੀ ਹੈ।

# ਆਰਜ਼ੀ ਕਾਮੇ

ਜੇ ਤੁਸੀਂ ਪ੍ਰਸ਼ਾਂਤ ਮਜ਼ਦੂਰ ਸਕੀਮ (ਪੈਸੇਫਿਕ ਲੇਬਰ ਸਕੀਮ) ਜਾਂ ਮੌਸਮੀ ਕਾਮਿਆਂ ਦਾ ਪ੍ਰੋਗਰਾਮ (ਸੀਜ਼ਨਲ ਵਰਕਰ ਪ੍ਰੋਗਰਾਮ) ਦਾ ਹਿੱਸਾ ਸੀ, ਤਾਂ ਹੋ ਸਕਦਾ ਹੈ ਤੁਸੀਂ ਆਪਣੀ VAC ਦੀ ਫੀਸ ਵਾਪਸੀ ਵਾਸਤੇ ਯੋਗ ਹੋਵੋ ਜੇਕਰ:

- ਤੁਹਾਨੂੰ 20 ਮਾਰਚ 2020 ਤੋਂ ਪਹਿਲਾਂ ਵੀਜ਼ਾ ਦਿੱਤਾ ਗਿਆ ਅਤੇ,
- COVID-19 ਯਾਤਰਾ ਪਾਬੰਦੀਆਂ ਦੇ ਕਰਕੇ ਤੁਸੀਂ ਆਸਟ੍ਰੇਲੀਆ ਜਾਣ ਦੇ ਅਯੋਗ ਸੀ।

ਜੇ ਤੁਹਾਨੂੰ ਆਰਜ਼ੀ ਹੁਨਰ ਦੀ ਕਮੀ (ਟੈਂਪਰੇਰੀ ਸਕਿਲ ਸ਼ੌਰਟੇਜ਼) ਜਾਂ ਅਸਥਾਈ ਕੰਮ (ਹੁਨਰਮੰਦ) (ਟੈਂਪਰੇਰੀ ਵਰਕ (ਸਕਿਲਡ)) ਵੀਜ਼ਾ ਦਿੱਤਾ ਗਿਆ ਸੀ, ਤਾਂ ਹੋ ਸਕਦਾ ਹੈ ਤੁਸੀਂ ਭਵਿੱਖ ਦੀ ਵੀਜ਼ਾ ਅਰਜ਼ੀ ਵਾਸਤੇ VAC ਛੋਟ ਪ੍ਰਾਪਤ ਕਰ ਸਕੋ ਜੇ ਤੁਸੀਂ :

- ਆਪਣੇ ਵੀਜ਼ੇ ਦੇ ਖਤਮ ਹੋਣ ਤੋਂ ਪਹਿਲਾਂ COVID-19 ਯਾਤਰਾ ਪਾਬੰਦੀਆਂ ਕਰਕੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਅਯੋਗ ਸੀ,
- ਆਸਟ੍ਰੇਲੀਆ ਦੀ ਯਾਤਰਾ ਕੀਤੀ ਸੀ ਅਤੇ ਚਲੇ ਗਏ ਸੀ ਪਰ ਤੁਹਾਡੇ ਵੀਜ਼ੇ ਦੇ ਖਤਮ ਹੋਣ ਤੋਂ ਪਹਿਲਾਂ COVID-19 ਯਾਤਰਾ ਪਾਬੰਦੀਆਂ ਦੇ ਕਾਰਨ ਆਸਟ੍ਰੇਲੀਆ ਵਾਪਸ ਨਹੀਂ ਆ ਸਕੇ ਸੀ।

## ਛੁੱਟੀਆਂ ਦੌਰਾਨ ਕੰਮ ਕਰਨ ਵਾਲੇ

ਜੇ ਤੁਹਾਨੂੰ ਛੁੱਟੀਆਂ ਦੌਰਾਨ ਕੰਮ ਕਰਨ ਵਾਲਾ (ਵਰਕਿੰਗ ਹੋਲੀਡੇ ਮੇਕਰ) ਵੀਜ਼ਾ ਦਿੱਤਾ ਗਿਆ ਸੀ, ਤਾਂ ਹੋ ਸਕਦਾ ਹੈ ਤੁਸੀਂ ਭਵਿੱਖ ਦੀ ਅਰਜ਼ੀ ਜਾਂ ਫੀਸ ਵਾਪਸੀ ਵਾਸਤੇ VAC ਛੋਟ ਪ੍ਰਾਪਤ ਕਰਨ ਦੇ ਯੋਗ ਹੋਵੋ। VAC ਛੋਟ ਅਗਲੇਰੀ ਅਰਜ਼ੀ ਵਾਸਤੇ ਲਾਗੂ ਹੋਵੇਗੀ ਜੇਕਰ ਤੁਸੀਂ ਯਾਤਰਾ ਦੀਆਂ ਪਾਬੰਦੀਆਂ ਕਰਕੇ ਆਸਟ੍ਰੇਲੀਆ ਜਾਣ ਦੇ ਅਯੋਗ ਸੀ ਜਾਂ ਤੁਹਾਨੂੰ COVID-19 ਕਰਕੇ ਜਲਦੀ ਆਸਟ੍ਰੇਲੀਆ ਛੱਡਣਾ ਪਿਆ ਸੀ।

ਜੇ ਤੁਸੀਂ ਹੋਰ ਅਰਜ਼ੀ ਦਾਖਲ ਕਰਨ ਦੇ ਯੋਗ ਨਹੀਂ ਹੋ ਕਿਉਂਕਿ ਤੁਸੀਂ WHM ਵੀਜ਼ੇ ਵਾਸਤੇ ਉਮਰ ਵਾਲੀ ਸੀਮਾ ਨੂੰ ਪਾਰ ਕਰ ਲਿਆ ਹੈ, ਤਾਂ ਇਸਦੀ ਬਜਾਏ ਤੁਸੀਂ ਫੀਸ ਵਾਪਸ ਪ੍ਰਾਪਤ ਕਰਨ ਦੇ ਯੋਗ ਹੋਵੋਗੇ।

## ਸੈਲਾਨੀ (ਵਿਜ਼ਟਰਜ਼)

ਆਸਟ੍ਰੇਲੀਆ ਤੋਂ ਬਾਹਰ ਸੈਲਾਨੀ ਵੀਜ਼ੇ ਦੀ ਅਰਜ਼ੀ ਦੇਣ ਵਾਲੇ ਜਿੰਨ੍ਹਾਂ ਦਾ ਪਿਛਲਾ ਸੈਲਾਨੀ ਵੀਜ਼ਾ 20 ਮਾਰਚ 2020 ਅਤੇ 31 ਦਸੰਬਰ 2021 ਦੇ ਵਿੱਚਕਾਰ ਖਤਮ ਹੋ ਗਿਆ ਸੀ ਜਾਂ ਖਤਮ ਹੋ ਜਾਵੇਗਾ, ਉਹ ਸੈਲਾਨੀ (ਉਪ-ਸ਼੍ਰੇਣੀ 600) ਵੀਜ਼ੇ ਵਾਸਤੇ ਬਿਨਾਂ VAC ਫੀਸ ਦੇ ਅਰਜ਼ੀ ਦੇਣ ਦੇ ਯੋਗ ਹੋਣਗੇ। ਇਹ ਤਬਦੀਲੀ 2021 ਦੇ ਸ਼ੁਰੂ ਵਿੱਚ ਲਾਗੂ ਹੋਵੇਗੀ। ਜਿਨ੍ਹਾਂ ਯਾਤਰੀਆਂ ਕੋਲ ਵੀਜ਼ਾ ਹੈ, ਉਨ੍ਹਾਂ ਕੋਲ ਯਾਤਰਾ ਤੋਂ ਪਹਿਲਾਂ ਆਸਟ੍ਰੇਲੀਆ ਦੀਆਂ ਯਾਤਰਾ ਪਾਬੰਦੀਆਂ ਤੋਂ ਛੋਟ ਵੀ ਹੋਣੀ ਚਾਹੀਦੀ ਹੈ, ਅਤੇ ਉਨ੍ਹਾਂ ਨੂੰ ਇਸ ਵਾਸਤੇ ਆਪਣੀ ਵੀਜ਼ਾ ਅਰਜ਼ੀ ਦੇ ਨਾਲ ਵੱਖਰੇ ਤੌਰ ਉੱਤੇ ਅਰਜ਼ੀ ਦੇਣ ਦੀ ਲੋੜ ਹੋਵੇਗੀ। ਯਾਤਰਾ ਵਿੱਚ ਛੋਟ ਲਈ ਅਰਜ਼ੀ ਦਿਓ।

# VAC ਫੀਸ ਵਾਪਸੀ, ਛੋਟ ਅਤੇ ਵੀਜ਼ਾ ਵਧਾਉਣ ਦੇ ਉਪਾਵਾਂ ਦਾ ਸਾਰ

| ਵੀਜ਼ਾ ਸ਼੍ਰੇਣੀ ਅਤੇ ਉਪ-ਸ਼੍ਰੇਣੀਆਂ | ਉਪਾਵਾਂ ਦੇ ਵੇਰਵੇ |
|---|---|
| ਪ੍ਰਸ਼ਾਂਤ ਮਜ਼ਦੂਰ ਸਕੀਮ (ਪੈਸੇਫਿਕ ਲੇਬਰ ਸਕੀਮ) (PLS) ਅਤੇ ਮੌਸਮੀ ਵਰਕਰ ਪ੍ਰੋਗਰਾਮ (ਸੀਜ਼ਨਲ ਵਰਕਰ ਪ੍ਰੋਗਰਾਮ) (SWP) (ਉਪ-ਸ਼੍ਰੇਣੀ 403) | ਪ੍ਰਭਾਵਿਤ ਵੀਜ਼ਾ ਧਾਰਕਾਂ ਵਾਸਤੇ VAC ਦੀ **ਫੀਸ ਵਾਪਸੀ** ਜੋ 20 ਮਾਰਚ 2020 ਨੂੰ ਸਰਹੱਦ ਬੰਦ ਹੋਣ ਤੋਂ ਪਹਿਲਾਂ ਯਾਤਰਾ ਕਰਨ ਦੇ ਅਯੋਗ ਸਨ।<br><br>ਵੀਜ਼ੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਫੀਸ ਵਾਪਸੀ ਵਾਸਤੇ ਯੋਗ। |
| ਆਰਜ਼ੀ ਹੁਨਰ ਦੀ ਕਮੀ (ਟੈਂਪਰੇਰੀ ਸਕਿਲ ਸ਼ੌਰਟੇਜ਼) ਜਾਂ ਅਸਥਾਈ ਕੰਮ (ਹੁਨਰਮੰਦ) ਵੀਜ਼ਾ (ਉਪ-ਸ਼੍ਰੇਣੀ 482 ਅਤੇ 457) | VAC ਲਈ **ਛੋਟ** ਉਹਨਾਂ ਲੋਕਾਂ ਵਾਸਤੇ ਬਾਅਦ ਵਿੱਚ ਅਰਜ਼ੀਆਂ ਨਾਲ ਜੁੜੀ ਹੋਈ ਹੈ ਜਿੰਨ੍ਹਾਂ ਕੋਲ TSS ਜਾਂ ਉਪ-ਸ਼੍ਰੇਣੀ 457 ਵੀਜ਼ਾ ਸੀ ਅਤੇ ਉਹ ਜਾਂ ਤਾਂ ਆਸਟ੍ਰੇਲੀਆ ਜਾਣ ਦੇ ਅਯੋਗ ਸਨ ਜਾਂ ਆਏ ਤੇ ਯਾਤਰਾ ਕਰਕੇ ਚਲੇ ਗਏ ਸਨ, ਪਰ COVID 19 ਯਾਤਰਾ ਪਾਬੰਦੀ ਦੇ ਕਾਰਨ ਉਹਨਾਂ ਦਾ ਵੀਜ਼ਾ ਖਤਮ ਹੋਣ ਤੋਂ ਪਹਿਲਾਂ ਵਾਪਸ ਆਉਣ ਦੇ ਅਯੋਗ ਸੀ।<br><br>ਇਹ ਉਹਨਾਂ ਲੋਕਾਂ ਉੱਤੇ ਲਾਗੂ ਹੋਵੇਗਾ ਜਿੰਨ੍ਹਾਂ ਕੋਲ TSS ਜਾਂ ਉਪ-ਸ਼੍ਰੇਣੀ 457 ਵੀਜ਼ਾ ਸੀ ਜਦੋਂ ਕਿ ਯਾਤਰਾ ਦੀਆਂ ਪਾਬੰਦੀਆਂ ਲਾਗੂ ਸਨ ਅਤੇ ਉਹਨਾਂ ਨੂੰ ਆਸਟ੍ਰੇਲੀਆ ਵਿੱਚ ਮੁੜ ਦਾਖਲ ਹੋਣ ਲਈ ਇਕ ਨਵੇਂ ਵੀਜ਼ੇ ਦੀ ਲੋੜ ਹੈ। |
| ਛੁੱਟੀਆਂ ਦੌਰਾਨ ਕੰਮ ਕਰਨ ਵਾਲੇ (WHM)<br>(ਉਪ-ਸ਼੍ਰੇਣੀਆਂ 462 ਅਤੇ 417) | WHM ਵੀਜ਼ਾ ਧਾਰਕਾਂ ਵਾਸਤੇ VAC ਦੀ **ਛੋਟ** ਜੋ ਯਾਤਰਾ ਪਾਬੰਦੀਆਂ ਕਰਕੇ ਆਸਟ੍ਰੇਲੀਆ ਜਾਣ ਦੇ ਅਯੋਗ ਸਨ ਜਾਂ COVID-19 ਦੇ ਕਾਰਨ ਦੇਸ਼ ਛੱਡ ਕੇ ਚਲੇ ਗਏ ਸਨ।<br><br>WHM ਵੀਜ਼ਾ ਧਾਰਕਾਂ ਵਾਸਤੇ VAC **ਦੀ ਵਾਪਸੀ** ਜੋ ਯਾਤਰਾ ਪਾਬੰਦੀਆਂ ਕਰਕੇ ਆਸਟ੍ਰੇਲੀਆ ਜਾਣ ਦੇ ਅਯੋਗ ਸਨ ਜਾਂ COVID-19 ਕਰਕੇ ਜਲਦੀ ਚਲੇ ਗਏ; ਅਤੇ ਛੋਟ ਦੇ ਨਾਲ ਨਵੇਂ WHM ਵਾਸਤੇ ਅਰਜ਼ੀ ਦੇਣ ਦੇ ਅਯੋਗ ਹਨ ਕਿਉਂਕਿ ਉਹਨਾਂ ਨੇ ਹੁਣ ਸਬੰਧਿਤ ਉਮਰ ਸੀਮਾ ਨੂੰ ਪਾਰ ਕਰ ਲਿਆ ਹੈ।<br><br>ਵੱਧ ਤੋਂ ਵੱਧ ਸਮੇਂ ਦੀ ਕੋਈ ਵੀ ਸੀਮਾ ਨਹੀਂ ਕਿ ਸਾਬਕਾ WHM ਵੀਜ਼ਾ ਧਾਰਕ ਨੇ ਰਵਾਨਗੀ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਲਾਜ਼ਮੀ ਬਿਤਾਇਆ ਹੋਵੇਗਾ।<br><br>2022 ਦੇ ਅੰਤ ਤੋਂ ਪਹਿਲਾਂ ਨਵੇਂ ਵੀਜ਼ੇ ਜਾਂ ਫੀਸ ਵਾਪਸੀ ਲਈ ਅਰਜ਼ੀ ਦੇਣਾ ਲਾਜ਼ਮੀ ਹੈ। |
| ਸੈਲਾਨੀ (ਉਪ-ਸ਼੍ਰੇਣੀ 600) | ਸੈਲਾਨੀ ਵੀਜ਼ਾ ਬਿਨੈਕਾਰ ਜਿੰਨ੍ਹਾਂ ਦਾ ਪਿਛਲਾ ਸੈਲਾਨੀ (ਉਪ-ਸ਼੍ਰੇਣੀ 600) ਵੀਜ਼ਾ ਮਾਰਚ 2020 ਅਤੇ ਦਸੰਬਰ 2021 ਦੇ ਵਿਚਕਾਰ ਖਤਮ ਹੋ ਗਿਆ ਸੀ ਜਾਂ ਖਤਮ ਹੋ ਜਾਵੇਗਾ, ਜਦੋਂ ਕਿ ਉਹ ਆਸਟ੍ਰੇਲੀਆ ਤੋਂ ਬਾਹਰ ਸਨ, ਉਹ ਸੈਲਾਨੀ ਵੀਜ਼ੇ ਵਾਸਤੇ ਬਿਨਾਂ VAC |

| | |
|---|---|
| | ਫੀਸ ਦੇ ਅਰਜ਼ੀ ਦੇਣ ਦੇ ਯੋਗ ਹੋਣਗੇ। ਇਹ ਤਬਦੀਲੀ 2021 ਦੇ ਸ਼ੁਰੂ ਵਿੱਚ ਲਾਗੂ ਹੋਵੇਗੀ।<br><br>ਆਸਟ੍ਰੇਲੀਆ ਤੋਂ ਬਾਹਰ ਯੋਗ ਸੈਲਾਨੀ ਵੀਜ਼ਾ ਬਿਨੈਕਾਰ 31 ਦਸੰਬਰ 2022 ਤੱਕ ਸੈਲਾਨੀ, ਕਾਰੋਬਾਰੀ ਸੈਲਾਨੀ, ਪਰਿਵਾਰ ਦੁਆਰਾ ਸਰਪ੍ਰਸਤੀ ਜਾਂ ਮਾਨਤਾ ਪ੍ਰਾਪਤ ਡੈਸਟੀਨੇਸ਼ਨ ਸਟੇਟਸ ਸਟਰੀਮਾਂ ਵਿੱਚ ਸੈਲਾਨੀ (ਉਪ-ਸ਼੍ਰੇਣੀ 600) ਵੀਜ਼ੇ ਲਈ ਬਿਨਾਂ VAC ਫੀਸ ਦੇ ਅਰਜ਼ੀ ਦੇ ਸਕਣਗੇ। ਇਸ ਵਿਵਸਥਾ ਵਿੱਚ ਮੌਜੂਦਾ ਅਤੇ ਪੁਰਾਣੇ ਸੈਲਾਨੀ ਵੀਜ਼ਾ ਧਾਰਕ ਸ਼ਾਮਲ ਹਨ ਜੋ ਸ਼ੁਰੂਆਤੀ ਦਾਖਲੇ ਵਾਸਤੇ ਆਸਟ੍ਰੇਲੀਆ ਜਾਣ ਦੇ ਅਯੋਗ ਸਨ, ਅਤੇ ਨਾਲ ਹੀ ਉਹ ਲੋਕ ਵੀ ਸ਼ਾਮਲ ਹਨ ਜੋ ਯਾਤਰਾ ਕਰਕੇ ਚਲੇ ਗਏ ਸਨ ਪਰ COVID-19 ਯਾਤਰਾ ਪਾਬੰਦੀਆਂ ਦੇ ਪ੍ਰਭਾਵ ਕਰਕੇ ਉਹ ਇਕ ਤੋਂ ਵਧੇਰੇ ਦਾਖਲੇ ਵਾਲੇ ਵੀਜ਼ੇ ਉੱਤੇ ਵਾਪਸ ਆਉਣ ਦੇ ਅਯੋਗ ਸਨ। |
| ਸੰਭਾਵਿਤ ਵਿਆਹ (ਉਪ-ਸ਼੍ਰੇਣੀ 300) | VAC **ਦੀ ਵਾਪਸੀ** ਜਾਂ ਪ੍ਰਭਾਵਿਤ ਵੀਜ਼ਾ ਧਾਰਕਾਂ ਲਈ ਵੀਜ਼ਾ ਵੈਧ ਰਹਿਣ ਦੀ ਮਿਆਦ ਦਾ **ਵਿਸਥਾਰ**, ਜੋ COVID-19 ਨਾਲ ਸਬੰਧਿਤ ਯਾਤਰਾ ਪਾਬੰਦੀਆਂ ਦੇ ਕਾਰਨ ਵੀਜ਼ਾ ਖਤਮ ਹੋਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਅਯੋਗ ਸਨ ਜਾਂ ਨਹੀਂ ਹੋਣਗੇ। VAC ਫੀਸ ਦੀ ਵਾਪਸੀ ਦੇ ਫਰਵਰੀ 2021 ਦੇ ਅੰਤ ਤੱਕ ਉਪਲਬਧ ਹੋ ਜਾਣ ਦੀ ਉਮੀਦ ਕੀਤੀ ਜਾਂਦੀ ਹੈ। |